BRAMPTON Flower City brampton.ca

**media release**

ਤੁਰੰਤ ਰਿਲੀਜ ਲਈ

## ਸਿਟੀ ਆਫ ਬ੍ਰੈਂਪਟਨ ਮੁੱਖ ਪ੍ਰਦਰਸ਼ਨ ਮੈਜਿਕ ਦੇ ਨਾਲ 2020 ਦੀ ਸ਼ੁਰੂਆਤ ਦਾ ਜਸ਼ਨ ਮਨਾਵੇਗੀ!

ਬ੍ਰੈਂਪਟਨ, ਓਨਟੈਰੀਓ (3 ਦਸੰਬਰ, 2019) – ਇੱਕ ਨਵਾਂ ਦਹਾਕਾ ਸ਼ੁਰੂ ਹੋਣ ਵਾਲਾ ਹੈ। ਸਿਟੀ ਆਫ ਬ੍ਰੈਂਪਟਨ, ਕਈ ਤਰ੍ਹਾਂ ਦੇ ਰੋਮਾਂਚਕ ਲਾਈਵ ਮਨੋਰੰਜਨ, ਟਿਮ ਹੋਰਟੋਨਸ (Tim Hortons) ਵੱਲੋਂ ਪੇਸ਼ ਕੀਤੇ ਜਾਣ ਵਾਲੇ ਪਟਾਕਿਆਂ ਦੇ ਡਿਸਪਲੇ ਅਤੇ ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਦੇ ਨਾਲ ਜਸ਼ਨ ਮਨਾ ਰਹੀ ਹੈ!

ਸਿਟੀ ਨੂੰ ਬ੍ਰੈਂਪਟਨ ਦੇ ਨਵੇਂ ਸਾਲ 2020 ਤੋਂ ਪਹਿਲਾਂ ਦੀ ਸ਼ਾਮ ਦੇ ਜਸ਼ਨ ਲਈ ਮੁੱਖ ਪ੍ਰਦਰਸ਼ਕ ਦੇ ਤੌਰ ਤੇ ਜੂਨੋ (JUNO) ਅਵਾਰਡ-ਵਿਜੇਤਾ ਬੈਂਡ ਮੈਜਿਕ! (MAGIC!) ਦੀ ਘੋਸ਼ਣਾ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ। ਇਸ ਜਸ਼ਨ ਵਿੱਚ ਸ਼ਾਮਲ ਹੋਣ ਵਾਲੇ ਮੰਗਲਵਾਰ, 31 ਦਸੰਬਰ, 2019 ਨੂੰ ਰਾਤ 8 ਵਜੇ ਤੋਂ ਲੈ ਕੇ ਅੱਧੀ ਰਾਤ ਤੱਕ ਗਾਰਡਨ ਸਕਵੇਅਰ (Garden Square) ਵਿੱਚ ਮੁਫ਼ਤ ਲਾਈਵ ਕੋਨਸਰਟ ਦਾ ਮਜ਼ਾ ਲੈ ਸਕਦੇ ਹਨ।

**ਲਾਈਵ ਮਨੋਰੰਜਨ**

ਡੀ.ਜੇ. ਫਿਜ਼ਾ (DJ Fizza), ਕੇ.ਆਈ.ਐਸ.ਐਸ. 92.5 (KISS 92.5) ਦੇ ਮੇਜਬਾਨ ਸ਼ੈਮ (Shem) ਦੇ ਨਾਲ ਰਾਤ ਨੂੰ 8 ਵਜੇ ਗਤੀਵਿਧੀਆਂ ਦੀ ਸ਼ੁਰੂਆਤ ਕਰਨਗੇ। ਪਟਾਕਿਆਂ ਦਾ ਪਹਿਲਾ ਡਿਸਪਲੇ ਉਹਨਾਂ ਲੋਕਾਂ ਲਈ ਰਾਤ 9 ਵਜੇ ਹੋਵੇਗਾ, ਜੋ ਨਵੇਂ ਸਾਲ ਦਾ ਜਸ਼ਨ ਥੋੜ੍ਹਾ ਜਲਦੀ ਮਨਾਉਣਾ ਚਾਹੁੰਦੇ ਹਨ। ਲਾਈਵ ਮਨੋਰੰਜਨ ਰਾਤ ਨੂੰ 9:15 ਵਜੇ ਜਾਰੀ ਰਹੇਗਾ। ਇਸ ਵਿੱਚ ਵਿੰਗ ਨਾਈਟ (Wing Night), ਬ੍ਰੈਂਪਟਨ ਦੇ ਆਪਣੇ ਹਾਰਟ ਲੇਕ (Heart Lake) ਗਵਾਂਢ ਤੋਂ ਜੀ.ਟੀ.ਏ. (GTA) ਦਾ ਪ੍ਰੀਮੀਅਰ ਹਿਪ-ਹੌਪ (Hip-Hop) ਅਤੇ ਆਰ ਐਂਡ ਬੀ (R&B) ਕਵਰ ਬੈਂਡ ਹੋਵੇਗਾ, ਜਿਸਨੂੰ 90 ਦੇ ਦਹਾਕੇ ਦੇ ਕਲਾਸਿਕਸ ਵਿੱਚ ਮੁਹਾਰਤ ਹੈ। ਕੈਨੇਡਿਅਨ ਰੇਗੇ ਫਿਊਜਨ ਬੈਂਡ ਅਤੇ ਬ੍ਰੈਂਪਟਨ ਦੇ ਨਵੇਂ ਸਾਲ 2020 ਦੀ ਸ਼ਾਮ ਦੇ ਮੁੱਖ ਪ੍ਰਦਰਸ਼ਕ ਮੈਜਿਕ! ਰਾਤ ਨੂੰ 11 ਵਜੇ ਤੋਂ ਬਾਅਦ ਸਟੇਜ ਤੇ ਆਉਣਗੇ। ਇਸਦੇ ਬਾਅਦ ਭੀੜ ਨਵੇਂ ਸਾਲ ਆਉਣ ਦੀ ਉਲਟੀ ਗਿਣਤੀ ਸ਼ੁਰੂ ਕਰੇਗੀ ਅਤੇ ਪਟਾਕਿਆਂ ਦਾ ਦੂਜਾ ਡਿਸਪਲੇ ਅੱਧੀ ਰਾਤ ਨੂੰ ਹੋਵੇਗਾ।

*ਮੈਜਿਕ! ਬਾਰੇ*

ਮੈਜਿਕ! ਟੋਰੋਂਟੋ ਵਿੱਚ ਤਿਆਰ ਹੋਈ, ਲੌਸ ਏਂਜਲਸ-ਸਥਿਤ ਚਾਰ ਸੰਗੀਤਕਾਰਾਂ ਦੀ ਟੋਲੀ ਹੈ, ਜਿਹਨਾਂ ਨੇ "ਰੂਡ" ("Rude") ਲਈ ਗਰਮੀ ਦੇ ਮੁੱਖ ਗੀਤ ਦਾ ਸਕੋਰ ਹਾਸਲ ਕੀਤਾ। ਇਹ ਰੋਮਾਂਚਕ ਰੇਗੇ-ਪੌਪ ਦੀ ਧੁਨ ਹੈ, ਜਿਸਨੇ ਛੇ ਹਫ਼ਤਿਆਂ ਤੱਕ ਬਿਲਬੋਰਡ ਹੌਟ 100 (Billboard Hot 100) ਤੇ ਨੰਬਰ 1 ਦੀ ਥਾਂ ਲਈ। ਇਹ 41 ਦੇਸ਼ਾਂ ਦੇ ਚਾਰਟਾਂ ਤੇ ਮੁੱਖ ਰਿਹਾ, ਦਸ ਮਿਲੀਅਨ ਤੋਂ ਵੱਧ ਸਿੰਗਲਸ ਦੀ ਵਿਕਰੀ ਹੋਈ, 500 ਮਿਲੀਅਨ ਤੋਂ ਵੱਧ ਸਟ੍ਰੀਮਸ ਨੂੰ ਪਛਾੜਿਆ ਅਤੇ ਵੇਵੋ (VEVO) ਤੇ 1.3 ਬਿਲੀਅਨ ਤੋਂ ਵੱਧ ਵਾਰ ਦੇਖਿਆ ਗਿਆ। ਪਿਛਲੇ ਪੰਜ ਸਾਲਾਂ ਵਿੱਚ, ਮੈਜਿਕ! ਨੇ ਆਪਣੀ ਨਿਸ਼ਚਿਤ ਰੂਪ ਨਾਲ ਆਕਰਸ਼ਕ ਸਾਊਂਡ, ਸ਼ਾਨਦਾਰ ਗੀਤ ਰਚਨਾ ਅਤੇ ਕੁਸ਼ਲ ਸੰਗੀਤਕਾਰੀ ਦੇ ਕਾਰਨ ਸਦਭਾਵੀ ਲਹਿਰ ਦੇ ਤੌਰ ਤੇ ਖੁਦ ਨੂੰ ਸਥਾਪਤ ਕੀਤਾ ਹੈ। ਹੁਣ, ਮੈਜਿਕ! ਆਪਣੀ ਨਵੀਂ ਐਲਬਮ "ਐਕਸਪੈਕਟੇਸ਼ਨਸ" ("EXPECTATIONS") ਦੇ ਨਾਲ ਵਾਪਸ ਆ ਰਿਹਾ ਹੈ, ਜਿਸ ਵਿੱਚ "ਕਿਸ ਮੀ" ("Kiss Me") ਅਤੇ "ਐਕਸਪੈਕਟੇਸ਼ਨਸ" ("Expectations") ਜਿਹੇ ਬੇਹੱਦ ਸਫਲ ਗੀਤ ਸ਼ਾਮਲ ਹਨ।

**ਪਰਿਵਾਰ-ਅਨੁਕੂਲਿਤ ਗਤੀਵਿਧੀਆਂ**

ਪਰਿਵਾਰ-ਅਨੁਕੂਲਿਤ ਮਨੋਰੰਜਨ, ਸਿਟੀ ਹਾਲ (City Hall) ਵਿਖੇ ਸ਼ਾਮ 6:30 ਵਜੇ ਤੋਂ ਰਾਤ 9 ਵਜੇ ਤੱਕ ਹੋਵੇਗਾ। ਇਸ ਵਿੱਚ ਸ਼ਾਮਲ ਹਨ, ਸਿਟੀ ਹਾਲ ਐਟਰੀਅਮ (City Hall Atrium) ਵਿੱਚ ਬੱਚਿਆਂ ਦੀ ਡਾਂਸ ਪਾਰਟੀ, ਜਾਦੂ ਦਾ ਸ਼ੋ, ਕ੍ਰਾਫਟਸ ਅਤੇ ਫੋਟੋ ਖਿਚਾਉਣ ਦੇ ਵਿਕਲਪ। ਗੇਜ ਪਾਰਕ (Gage

Park) ਵਿਖੇ, ਪਰਿਵਾਰ ਸਕੇਟਿੰਗ ਟ੍ਰੇਲ ਅਤੇ ਹਜ਼ਾਰਾਂ ਝਿਲਮਿਲਾਉਂਦੀਆਂ ਲਾਈਟਾਂ ਦਾ ਮਜ਼ਾ ਲੈ ਸਕਦੇ ਹਨ। ਉਸਦੇ ਬਾਅਦ ਪਰਿਵਾਰ ਰਾਤ ਨੂੰ 9 ਵਜੇ ਜਲਦੀ ਹੋਣ ਵਾਲਾ ਪਟਾਕਿਆਂ ਦਾ ਸ਼ੋ ਦੇਖਣ ਲਈ ਗਾਰਡਨ ਸਕਵੇਅਰ (Garden Square) ਜਾ ਸਕਦੇ ਹਨ।

**ਉੱਥੇ ਪਹੁੰਚਣਾ**

ਨਵੇਂ ਸਾਲ ਤੋਂ ਪਹਿਲਾਂ ਦੀ ਸ਼ਾਮ ਨੂੰ 7 ਵਜੇ ਤੋਂ ਸੇਵਾ ਦੇ ਖ਼ਤਮ ਹੋਣ ਤੱਕ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਮੁਫ਼ਤ ਸਵਾਰੀ ਕਰੋ!

ਹਰੇ-ਭਰੇ ਸ਼ਹਿਰ ਦੇ ਤੌਰ ਤੇ, ਅਸੀਂ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਜਿੱਥੇ ਵੀ ਸੰਭਵ ਹੋਵੇ, ਉਹ ਬ੍ਰੈਂਪਟਨ ਟ੍ਰਾਂਜ਼ਿਟ ਤੇ ਸਫ਼ਰ ਕਰਨ।

ਟ੍ਰਾਂਜ਼ਿਟ ਦੀ ਸਮਾਂ-ਸੂਚੀ ਅਤੇ ਸੜਕਾਂ ਦੇ ਬੰਦ ਹੋਣ ਸਮੇਤ, ਕਾਰਜਕਰਮ ਬਾਰੇ ਹੋਰ ਜਾਣਕਾਰੀ ਲਈ, www.brampton.ca/newyearseve ਤੇ ਜਾਓ। #BramptonNYE ਦੀ ਵਰਤੋਂ ਕਰਦੇ ਹੋਏ ਸੋਸ਼ਲ ਮੀਡੀਆ ਤੇ ਕਾਰਜਕਰਮ ਸਬੰਧੀ ਆਪਣਾ ਅਨੁਭਵ ਸਾਂਝਾ ਕਰੋ।

**ਹਵਾਲਾ**

"ਬ੍ਰੈਂਪਟਨ ਇਸ ਸਾਲ ਨਵੇਂ ਸਾਲ ਤੋਂ ਪਹਿਲਾਂ ਦੀ ਸ਼ਾਮ ਦੇ ਜਸ਼ਨ ਦੀ ਥਾਂ ਹੈ! ਅਸੀਂ ਸ਼ਾਨਦਾਰ ਲਾਈਵ ਮਨੋਰੰਜਨ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਅਤੇ ਸਿਰਫ਼ ਇੱਕ ਨਹੀਂ, ਬਲਕਿ ਪੂਰੀ ਰਾਤ ਪਟਾਕਿਆਂ ਦੇ ਦੋ ਡਿਸਪਲੇ ਦੀ ਮੇਜਬਾਨੀ ਕਰਨ ਲਈ ਉਤਸ਼ਾਹਿਤ ਹਾਂ। ਮੈਂ ਹਰ ਕਿਸੇ ਨੂੰ ਬ੍ਰੈਂਪਟਨ ਦੀ ਨਵੇਂ ਸਾਲ 2020 ਤੋਂ ਪਹਿਲਾਂ ਦੀ ਸ਼ਾਮ ਦੇ ਜਸ਼ਨ ਵਿੱਚ ਅਗਲੇ ਦਹਾਕੇ ਦੀ ਸ਼ੁਰੂਆਤ ਕਰਨ ਲਈ ਉਤਸ਼ਾਹਿਤ ਕਰਦਾ ਹਾਂ!"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca